# ਹਰਿਆਣਾ ਪੰਜਾਬੀ ਸਨਮਾਨ ਪੁਰਸਕਾਰ

## ਹਰਿਆਣਾ ਦੇ ਪੰਜਾਬੀ ਲੇਖਕਾਂ ਦੇ ਲਈ

## ਸੂਚਨਾ ਪੱਤਰ

## ਸਾਲ 2022


**ਹਰਿਆਣਾ ਪੰਜਾਬੀ ਸਾਹਿਤ ਅਕਾਦਮੀ**

(ਹਰਿਆਣਾ ਸਰਕਾਰ)

ਅਕਾਦਮੀ ਭਵਨ, ਆਈ.ਪੀ.16, ਤੀਸਰੀ ਮੰਜ਼ਿਲ, ਸੈਕਟਰ-14

ਪੰਚਕੂਲਾ (ਹਰਿਆਣਾ)-134113,

ਫੋਨ (0172) 2972071,2577798

ਈ.ਮੇਲ : hpsaa55@gmail.com

ਵੈੱਬ ਸਾਈਟ : www.haryanapunjabisahityaacademy.com





# ਹਰਿਆਣਾ ਪੰਜਾਬੀ ਸਨਮਾਨ ਪੁਰਸਕਾਰ

## ਹਰਿਆਣਾ ਦੇ ਪੰਜਾਬੀ ਲੇਖਕਾਂ ਦੇ ਲਈ

ਸੂਚਨਾ ਪੱਤਰ

# ਸਾਲ 2022

ਅੰਤਿਮ ਮਿਤੀ - 20 ਮਾਰਚ, 2023

# ਹਰਿਆਣਾ ਪੰਜਾਬੀ ਸਾਹਿਤ ਅਕਾਦਮੀ

**(ਹਰਿਆਣਾ ਸਰਕਾਰ)**

**ਅਕਾਦਮੀ ਭਵਨ**

**ਆਈ.ਪੀ.16 ਤੀਸਰੀ ਮੰਜ਼ਿਲ, ਸੈਕਟਰ-14**

**ਪੰਚਕੂਲਾ (ਹਰਿਆਣਾ)-134113**

**ਫੋਨ (0172) 2972071,2577798**

**ਈ–ਮੇਲ hpsaa55@gmail.com**

**ਵੈਬ ਸਾਇਟ-haryanapunjabisahityaacademy.com**

# ਹਰਿਆਣਾ ਨਿਵਾਸੀ ਦੀ ਪਰਿਭਾਸ਼ਾ

1. (ੳ) ਹਰਿਆਣਾ ਰਾਜ ਦੇ ਕਰਮਚਾਰੀ, ਰਾਜ ਦੇ ਵਿੱਚ ਜਾਂ ਰਾਜ ਤੋਂ ਬਾਹਰ ਨੌਕਰੀ ਕਰ ਰਹੇ ਹੋਣ ਜਾਂ ਡੈਪੂਟੇਸ਼ਨ ’ਤੇ ਹੋਣ।

   (ਅ) ਹਰਿਆਣਾ ਸਰਕਾਰ ਦੇ ਕੰਮ ਨਾਲ ਸੰਬੰਧਿਤ ਭਾਰਤ ਸਰਕਾਰ ਦੇ ਕਰਮਚਾਰੀ ਜਿਹੜੇ ਚੰਡੀਗੜ੍ਹ ਜਾਂ ਹਰਿਆਣਾ ਵਿੱਚ ਨੌਕਰੀ ਕਰਦੇ ਹੋਣ।

   (ੲ) ਹਰਿਆਣਾ ਸਰਕਾਰ ਦੇ ਕਿਸੇ ਅਧਿਨਿਯਮ ਜਾਂ ਕੇਂਦਰ ਦੇ ਕਿਸੇ ਅਧਿਨਿਯਮ ਦੇ ਅਧੀਨ ਸਥਾਪਿਤ ਕੀਤੇ ਗਏ ਸਥਾਨਕ ਬੋਰਡ/ਨਿਗਮ ਦੇ ਕਰਮਚਾਰੀ ਜਿਹੜੇ ਹਰਿਆਣਾ ਜਾਂ ਚੰਡੀਗੜ੍ਹ ਵਿੱਚ ਨੌਕਰੀ ਕਰਦੇ ਹੋਣ।

   (ਸ) ਇਸ ਤਰ੍ਹਾਂ ਦੀਆਂ ਸੰਸਥਾਵਾਂ ਜਿਨ੍ਹਾਂ ਵਿੱਚ ਹਰਿਆਣਾ ਸਰਕਾਰ ਦੇ 26% ਜਾਂ ਇਸ ਤੋਂ ਜ਼ਿਆਦਾ ਹਿੱਸੇ ਹੋਣ, ਦੇ ਕਰਮਚਾਰੀ।

2. ਉਹ ਵਿਅਕਤੀ ਜਿਹੜੇ ਪੱਕੇ ਤੌਰ 'ਤੇ ਹਰਿਆਣਾ ਵਿੱਚ ਵੱਸ ਗਏ ਹਨ ਅਤੇ ਹਰਿਆਣਾ ਸਰਕਾਰ ਦੇ ਖਜ਼ਾਨਿਆਂ ਤੋਂ ਆਪਣੀ ਪੈਨਸ਼ਨ ਪ੍ਰਾਪਤ ਕਰ ਰਹੇ ਹਨ।

3. ਹਰਿਆਣਾ ਸਰਕਾਰ ਦੇ ਪੈਨਸ਼ਨ ਭੋਗੀ, ਚਾਹੇ ਉਹ ਪੈਨਸ਼ਨ ਭੋਗੀ ਹਰਿਆਣਾ ਤੋਂ ਇਲਾਵਾ ਕਿਸੇ ਹੋਰ ਰਾਜ ਦਾ ਹੋਵੇ ਜਾਂ ਰਿਟਾਇਰਮੈਂਟ ਤੋਂ ਬਾਅਦ ਹਰਿਆਣਾ ਵਿੱਚ ਵੱਸ ਗਿਆ ਹੋਵੇ।

4. ਉਹ ਵਿਅਕਤੀ ਜਿਨ੍ਹਾਂ ਦਾ ਪੱਕਾ ਘਰ ਹਰਿਆਣਾ ਵਿੱਚ ਹੋਵੇ, ਇਹਨਾਂ ਵਿੱਚ ਉਹ ਵਿਅਕਤੀ ਵੀ ਸ਼ਾਮਿਲ ਹਨ ਜਿਹੜੇ ਘੱਟ ਤੋਂ ਘੱਟ 15 ਸਾਲਾਂ ਤੋਂ ਹਰਿਆਣਾ ਵਿੱਚ ਰਹਿ ਰਹੇ ਹਨ।

5. ਇਸ ਤਰ੍ਹਾਂ ਦੇ ਵਿਅਕਤੀਆਂ ਦੀਆਂ ਪਤਨੀਆਂ ਜੋ ਹਰਿਆਣਾ ਰਾਜ ਦੇ ਮੂਲ ਨਿਵਾਸੀ ਜਾਂ ਸ਼ਾਦੀ ਤੋਂ ਪਹਿਲਾਂ ਕਿਸੇ ਹੋਰ ਰਾਜ ਨਾਲ ਸੰਬੰਧਿਤ ਹੋਣ। ਸ਼ਰਤ ਇਹ ਹੈ ਕਿ ਉੱਪਰ ਲਿਖੀਆਂ ਛੇ ਮੱਦਾਂ ਵਿਚੋਂ ਕਿਸੇ ਦੇ ਨਾਲ ਸੰਬੰਧਿਤ ਵਿਅਕਤੀ-

6. ਉਹ ਵਿਅਕਤੀ ਜਿਨ੍ਹਾਂ ਦਾ ਜਨਮ ਹਰਿਆਣਾ ਵਿੱਚ ਹੋਇਆ ਹੋਵੇ।

   (ੳ) ਜੋ ਭਾਰਤ ਦਾ ਨਾਗਰਿਕ ਹੈ।

   (ਅ) ਜਿਨ੍ਹਾਂ ਨੇ ਕਿਸੇ ਦੂਸਰੇ ਰਾਜ ਦੇ ਨਿਵਾਸੀ ਹੋਣ ਦਾ ਲਾਭ ਪ੍ਰਾਪਤ ਨਾ ਕੀਤਾ ਹੋਵੇ।

7. ਅਕਾਦਮੀ ਦੇ ਕਰਮਚਾਰੀ/ਅਧਿਕਾਰੀ, ਜਰਨਲ ਬਾਡੀ ਦੇ ਮੈਂਬਰ ਅਤੇ ਅਕਾਦਮੀ ਦੀ ਕਿਸੇ ਵੀ ਕਮੇਟੀ ਦੇ ਮੈਂਬਰ ਅਕਾਦਮੀ ਦੀਆਂ ਯੋਜਨਾਵਾਂ ਦੇ ਪਾਤਰ ਨਹੀਂ ਹੋਣਗੇ।

# ਹਰਿਆਣਾ ਪੰਜਾਬੀ ਸਨਮਾਨ ਪੁਰਸਕਾਰ ਯੋਜਨਾ

## (1) ਹਰਿਆਣਾ ਪੰਜਾਬੀ ਗੌਰਵ ਪੁਰਸਕਾਰ

(ੳ) ਪੁਰਸਕਾਰ ਰਾਸ਼ੀ 5,00,000/-ਰੁਪਏ ।

(ਅ) ਉਮਰ 65 ਸਾਲ ਤੋਂ ਘੱਟ ਨਾ ਹੋਵੇ।

(ੲ) ਪੰਜਾਬੀ ਸਾਹਿਤ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਦਿੰਦੇ ਹੋਏ ਲਗਾਤਾਰ ਸਾਹਿਤ ਰਚਨਾ ਕਰਦਾ ਹੋਵੇ।

(ਸ) ਸਾਹਿੱਤਕਾਰ ਦੇ ਰੂਪ ਵਿੱਚ ਪੰਜਾਬੀ ਸਾਹਿੱਤਕ ਪੱਧਰ 'ਤੇ ਚੰਗੀ ਪਹਿਚਾਣ ਹੋਵੇ।

(ਹ) ਸੰਬੰਧਿਤ ਵਿਅਕਤੀ ਜਨਮ ਤੋਂ ਹਰਿਆਣਵੀ ਹੋਵੇ ਜਾਂ 15 ਸਾਲ ਤੋਂ ਹਰਿਆਣਾ ਵਿੱਚ ਰਹਿ ਰਿਹਾ ਹੋਵੇ।

(ਕ) ਉਪਰੋਕਤ ਪੁਰਸਕਾਰ ਪ੍ਰਾਪਤ ਸਾਹਿੱਤਕਾਰ ਅਕਾਦਮੀ ਦੀਆਂ ਹੋਰ ਕਿਸੇ ਵੀ ਯੋਜਨਾਵਾਂ ਦਾ ਪਾਤਰ ਨਹੀਂ ਹੋਵੇਗਾ।

(ਖ) ਸਾਹਿਤਕਾਰ ਆਪਣਾ ਆਵੇਦਨ ਪੱਤਰ ਆਪ ਭੇਜਣ ਜਾਂ ਕਿਸੇ ਸੰਸਥਾ/ਹੋਰ ਵਿਦਵਾਨ ਵੱਲੋਂ ਸਨਮਾਨ ਲਈ ਨਾਂ ਦੀ ਸਿਫਾਰਸ਼ ਕੀਤੀ ਜਾ ਸਕਦੀ ਹੈ।

(ਗ) ਸਾਹਿਤਕਾਰ ਦੀਆਂ ਘੱਟੋ-ਘੱਟ 6 ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹੋਣ ਅਤੇ ਉਸਦੀ ਸਾਹਿਤਕ ਵਿਦਵਤਾ ਨੂੰ ਧਿਆਨ ਵਿਚ ਰੱਖਦੇ ਹੋਏ ਪਹਿਲ ਦਿੱਤੀ ਜਾਵੇਗੀ।

(ਘ) ਜਿਸ ਸਾਹਿਤਕਾਰ ਨੇ ਵੱਧ ਤੋਂ ਵੱਧ ਵਰਗਾਂ ਵਿੱਚ ਲਿਖਿਆ ਹੋਵੇ ਉਸਨੂੰ ਪਹਿਲ ਦਿੱਤੀ ਜਾਵੇਗੀ।

(ਙ) ਅਕਾਦਮੀ ਵੱਲੋਂ ਐਲਾਨਿਆ ਨਤੀਜਾ ਕਬੂਲ ਹੋਵੇਗਾ ਅਤੇ ਉਸ ਬਾਰੇ ਕੋਈ ਕਿੰਤੂ- ਪ੍ਰੰਤੂ ਸਵੀਕਾਰ ਨਹੀਂ ਹੋਵੇਗਾ। ਕਿਸੀ ਪ੍ਰਕਾਰ ਦੀ ਕਾਨੂੰਨੀ ਕਾਰਵਾਈ ਸਿਰਫ਼ ਪੰਚਕੂਲਾ ਦੀ ਅਦਾਲਤ ਵਿਚ ਹੋ ਸਕਦੀ ਹੈ।

(ਚ) ਆਵੇਦਨ ਪੱਤਰ ਨਾਲ ਭੇਜੀਆਂ ਪੁਸਤਕਾਂ ਦਾ ਸੈੱਟ ਅਕਾਦਮੀ ਵੱਲੋਂ ਵਾਪਿਸ ਨਹੀਂ ਕੀਤਾ ਜਾਵੇਗਾ।

| | | |
|---|---|---|
| 2. | ਮਹਾਂਕਵੀ ਭਾਈ ਸੰਤੋਖ ਸਿੰਘ ਪੁਰਸਕਾਰ | =2,50,000/-ਰੁਪਏ |
| 3. | ਬਾਬਾ ਸ਼ੇਖ਼ ਫ਼ਰੀਦ ਪੁਰਸਕਾਰ | =2,25,000/-ਰੁਪਏ |
| 4. | ਸੰਤ ਤਰਨ ਸਿੰਘ ਵਹਿਮੀ ਪੁਰਸਕਾਰ | =2,00,000/-ਰੁਪਏ |
| 5. | ਕਵੀ ਹਰਿਭਜਨ ਸਿੰਘ ਰੈਣੂ ਪੁਰਸਕਾਰ | =1,00,000/-ਰੁਪਏ |

| | | |
|---|---|---|
| 6. | ਬੀਬੀ ਜਗੀਰ ਕੌਰ ਸੰਧੂ ਮਹਿਲਾ ਪੁਰਸਕਾਰ | =1,00,000/-ਰੁਪਏ |
| 7. | ਹਰੀ ਸਿੰਘ ਦਿਲਬਰ ਯਾਦਗਾਰੀ ਰਾਸ਼ਟਰੀ ਪੁਰਸਕਾਰ | =1,00,000/-ਰੁਪਏ |
| 8. | ਪੰਜਾਬੀ ਪੱਤਰਕਾਰਿਤਾ ਪੁਰਸਕਾਰ | =1,00,000/-ਰੁਪਏ (ਸੀਨੀਅਰ ਵਰਗ)<br>=51,000/-ਰੁਪਏ (ਜੂਨੀਅਰ ਵਰਗ) |
| 9. | ਰਾਗੀ/ਢਾਡੀ, ਲੋਕ ਗਾਇਕ ਪੁਰਸਕਾਰ | =1,00,000/-ਰੁਪਏ (ਸੀਨੀਅਰ ਵਰਗ)<br>=51,000/-ਰੁਪਏ (ਜੂਨੀਅਰ ਵਰਗ) |

(ੳ) ਹਰਿਆਣਾ ਦੇ ਮੂਲ-ਨਿਵਾਸੀ ਲੇਖਕ ਹੀ ਇਸ ਮੁਕਾਬਲੇ ਵਿੱਚ ਭਾਗ ਲੈ ਸਕਦੇ ਹਨ ਅਤੇ ਹਰਿਆਣਾ ਨਿਵਾਸੀ ਹੋਣ ਦਾ ਪ੍ਰਮਾਣ ਪੱਤਰ ਵੀ ਅਕਾਦਮੀ ਨੂੰ ਪੇਸ਼ ਕੀਤਾ ਜਾਵੇਗਾ।

(ਅ) ਰਾਜ ਦੇ ਪੰਜਾਬੀ ਲੇਖਕਾਂ ਨੂੰ ਉਨ੍ਹਾਂ ਦੇ ਸਾਰੇ ਵਰਗਾਂ ਵਿੱਚ ਪਾਏ ਜਾਣ ਵਾਲੇ ਸਮੁੱਚੇ ਸਾਹਿੱਤਕ ਯੋਗਦਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਲੇਖਕ ਨੂੰ ਹਰ ਸਾਲ ਇਨ੍ਹਾਂ ਵਿੱਚੋਂ ਇਕ ਪੁਰਸਕਾਰ ਦਿੱਤਾ ਜਾਂਦਾ ਹੈ।

i) **ਮਹਾਂਕਵੀ ਭਾਈ ਸੰਤੋਖ ਸਿੰਘ,**

ii) **ਬਾਬਾ ਸ਼ੇਖ਼ ਫ਼ਰੀਦ,**

iii) **ਸੰਤ ਤਰਨ ਸਿੰਘ ਵਹਿਮੀ**

ਤਿੰਨਾਂ ਪੁਰਸਕਾਰਾਂ ਦੇ ਲਈ ਇਕ ਲੇਖਕ ਦੀਆ ਘੱਟ ਤੋਂ ਘੱਟ 5 ਪੁਸਤਕਾਂ ਜ਼ਰੂਰ ਪ੍ਰਕਾਸ਼ਿਤ ਹੋਣ।

iv) **ਕਵੀ ਹਰਿਭਜਨ ਸਿੰਘ ਰੈਣੂ ਪੁਰਸਕਾਰ:** ਦੇ ਲਈ ਰਾਜ ਦੇ ਪੰਜਾਬੀ ਲੇਖਕਾਂ ਨੂੰ ਉਨ੍ਹਾਂ ਦੇ ਸਾਰੇ ਵਰਗਾਂ ਵਿੱਚ ਪਾਏ ਜਾਣ ਵਾਲੇ ਸਮੁੱਚੇ ਸਾਹਿੱਤਕ ਯੋਗਦਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਇਕ ਪੰਜਾਬੀ ਲੇਖਕ ਨੂੰ ਪੁਰਸਕਾਰ ਦਿੱਤਾ ਜਾਂਦਾ ਹੈ। ਲੇਖਕ ਦੀਆਂ ਘਟੋ-ਘੱਟ 4 ਪੁਸਤਕਾਂ ਜ਼ਰੂਰ ਪ੍ਰਕਾਸ਼ਿਤ ਹੋਣ।

v) **ਬੀਬੀ ਜਗੀਰ ਕੌਰ ਸੰਧੂ ਮਹਿਲਾ ਪੁਰਸਕਾਰ:** ਦੇ ਲਈ ਰਾਜ ਦੇ ਪੰਜਾਬੀ ਮਹਿਲਾ ਲੇਖਿਕਾਵਾਂ ਨੂੰ ਉਨ੍ਹਾਂ ਦੇ ਸਾਰੇ ਵਰਗਾਂ ਵਿੱਚ ਪਾਏ ਜਾਣ ਵਾਲੇ ਸਮੁੱਚੇ ਸਾਹਿੱਤਕ ਯੋਗਦਾਨ ਨੂੰ

ਧਿਆਨ ਵਿੱਚ ਰੱਖਦੇ ਹੋਏ ਇਕ ਪੰਜਾਬੀ ਮਹਿਲਾ ਲੇਖਕ ਨੂੰ ਪੁਰਸਕਾਰ ਦਿੱਤਾ ਜਾਂਦਾ ਹੈ। ਮਹਿਲਾ ਲੇਖਕ ਦੀਆਂ ਘਟੋ-ਘੱਟ 4 ਪੁਸਤਕਾਂ ਜ਼ਰੂਰ ਪ੍ਰਕਾਸ਼ਿਤ ਹੋਣ।

vi) **ਹਰੀ ਸਿੰਘ ਦਿਲਬਰ ਯਾਦਗਾਰੀ ਰਾਸ਼ਟਰੀ ਪੁਰਸਕਾਰ:** ਦੇ ਲਈ ਭਾਰਤ ਦੇ ਕਿਸੇ ਰਾਜ ਦੇ ਪੰਜਾਬੀ ਲੇਖਕਾਂ ਨੂੰ ਉਨ੍ਹਾਂ ਦੇ ਵਿਅੰਗ ਵਰਗ ਵਿੱਚ ਪਾਏ ਜਾਣ ਵਾਲੇ ਸਮੁੱਚੇ ਸਾਹਿੱਤਕ ਯੋਗਦਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਇਕ ਪੰਜਾਬੀ ਵਿਅੰਗ ਲੇਖਕ ਨੂੰ ਪੁਰਸਕਾਰ ਦਿੱਤਾ ਜਾਂਦਾ ਹੈ। ਲੇਖਕ ਦੀਆਂ ਘਟੋ-ਘੱਟ 3 ਪੁਸਤਕਾਂ ਵਿਅੰਗ ਵਿਧਾ ਵਿਚ ਜ਼ਰੂਰ ਪ੍ਰਕਾਸ਼ਿਤ ਹੋਣ।

vii) **ਪੰਜਾਬੀ ਪੱਤਰਕਾਰਿਤਾ ਪੁਰਸਕਾਰ:-**

**ਸੀਨੀਅਰ ਵਰਗ ਪੁਰਸਕਾਰ:** ਉਮਰ 35 ਸਾਲ ਤੋਂ ਜ਼ਿਆਦਾ ਹੋਵੇ। ਇਸ ਪੁਰਸਕਾਰ ਵਿੱਚ ਉਹੀ ਪੱਤਰਕਾਰ ਭਾਗ ਲੈ ਸਕਦਾ ਹੈ ਜਿਸਨੇ ਨਿਰੰਤਰ 5 ਸਾਲ ਤੋਂ ਕਿਸੇ ਰਜਿਸਟਰਡ, ਰੋਜ਼ਾਨਾ ਵੱਡੇ ਪੰਜਾਬੀ ਅਖਬਾਰ ਵਿੱਚ ਪੱਤਰਕਾਰਿਤਾ ਕੀਤੀ ਹੋਵੇ। ਪੱਤਰਕਾਰਿਤਾ ਦਾ ਪ੍ਰਮਾਣ ਪੱਤਰ ਵੀ ਆਵੇਦਨ ਪੱਤਰ ਨਾਲ ਨੱਥੀ ਕੀਤਾ ਜਾਵੇ।

**ਜੂਨੀਅਰ ਵਰਗ ਪੁਰਸਕਾਰ:** ਉਮਰ 35 ਸਾਲ ਤੋਂ ਘੱਟ ਹੋਵੇ। ਇਸ ਪੁਰਸਕਾਰ ਵਿੱਚ ਉਹੀ ਪੱਤਰਕਾਰ ਭਾਗ ਲੈ ਸਕਦਾ ਹੈ ਜਿਸਨੇ ਘਟੋ-ਘੱਟ 3 ਸਾਲ ਤੋਂ ਨਿਰੰਤਰ (ਰਜਿ: ਰੋਜ਼ਾਨਾ ਵੱਡੇ ਪੰਜਾਬੀ ਅਖ਼ਬਾਰ) ਵਿੱਚ ਪੱਤਰਕਾਰਿਤਾ ਕੀਤੀ ਹੋਵੇ। ਪੱਤਰਕਾਰਿਤਾ ਦਾ ਪ੍ਰਮਾਣ ਪੱਤਰ ਵੀ ਆਵੇਦਨ ਪੱਤਰ ਨਾਲ ਨੱਥੀ ਕੀਤਾ ਜਾਵੇ।

viii) **ਰਾਗੀ/ ਢਾਡੀ ਜੱਥਾ/ ਲੋਕ ਗਾਇਕ ਪੁਰਸਕਾਰ:**

**ਸੀਨੀਅਰ ਵਰਗ ਪੁਰਸਕਾਰ:** ਹਰਿਆਣਾ ਦਾ ਨਿਵਾਸੀ ਹੋਵੇ। ਉਮਰ 35 ਸਾਲ ਤੋਂ ਜ਼ਿਆਦਾ ਹੋਵੇ। ਪੰਜਾਬੀ ਗੀਤ-ਸੰਗੀਤ ਵਿਚ ਵਿਸ਼ੇਸ਼ ਯੋਗਦਾਨ ਹੋਵੇ। ਪੰਜਾਬੀ ਲੋਕ ਗਾਇਕ/ਗ਼ਜ਼ਲ ਗਾਇਕ/ਭਜਨ ਗਾਇਕ/ਸੂਫ਼ੀ ਗਾਇਕ/ਸ਼ਬਦ ਗਾਇਨ ਰਾਗੀ/ਢਾਡੀ ਜੱਥਾ ਆਦਿ।

**ਜੂਨੀਅਰ ਵਰਗ ਪੁਰਸਕਾਰ:** ਹਰਿਆਣਾ ਦਾ ਨਿਵਾਸੀ ਹੋਵੇ। ਉਮਰ ਵੱਧ ਤੋਂ ਵੱਧ 35 ਸਾਲ ਜਾਂ ਘੱਟ ਹੋਵੇ। ਪੰਜਾਬੀ ਗੀਤ-ਸੰਗੀਤ ਵਿਚ ਵਿਸ਼ੇਸ਼ ਯੋਗਦਾਨ ਹੋਵੇ। ਪੰਜਾਬੀ ਲੋਕ ਗਾਇਕ/ਗ਼ਜ਼ਲ ਗਾਇਕ/ਭਜਨ ਗਾਇਕ/ਸੂਫ਼ੀ ਗਾਇਕ/ਸ਼ਬਦ ਗਾਇਨ ਰਾਗੀ/ਢਾਡੀ ਜੱਥਾ ਆਦਿ।

(ੲ) ਇਹਨਾਂ ਯੋਜਨਾਵਾਂ ਲਈ ਨਿਰਧਾਰਿਤ ਆਵੇਦਨ-ਪੱਤਰ ਭਰ ਕੇ ਰੰਗੀਨ ਤਾਜ਼ਾ ਪਾਸਪੋਰਟ ਫੋਟੋ ਸਹਿਤ, ਪ੍ਰਾਪਤ ਪੁਰਸਕਾਰ ਦੇ ਪ੍ਰਮਾਣ ਪੱਤਰ, ਛਪੀਆਂ ਪੁਸਤਕਾਂ ਦਾ ਅਤੇ ਇੱਕ ਸੈੱਟ

ਸੀ.ਡੀ.ਕੈਸਟਾਂ ਦਾ ਆਵੇਦਨ- ਪੱਤਰ ਦੇ ਨਾਲ ਅਕਾਦਮੀ ਦਫ਼ਤਰ ਵਿੱਚ ਭੇਜੇ ਜਾਣ। ਆਵੇਦਨ ਪੱਤਰ ਨਾਲ ਭੇਜੀਆਂ ਪ੍ਰਕਾਸ਼ਿਤ ਪੁਸਤਕਾਂ ਦਾ ਸੈੱਟ ਅਕਾਦਮੀ ਵੱਲੋਂ ਵਾਪਸ ਨਹੀਂ ਕੀਤਾ ਜਾਵੇਗਾ।

(ਸ) ਕੋਈ ਵੀ ਲੇਖਕ ਇਹ ਪੁਰਸਕਾਰ ਇੱਕ ਵਾਰ ਤੋਂ ਜ਼ਿਆਦਾ ਪ੍ਰਾਪਤ ਨਹੀਂ ਕਰ ਸਕਦਾ।

(ਹ) **ਅਕਾਦਮੀ ਦਾ ਫ਼ੈਸਲਾ ਅੰਤਿਮ ਹੋਵੇਗਾ ਅਤੇ ਉਸ ਬਾਰੇ ਕੋਈ ਕਿੰਤੂ- ਪਰੰਤੂ ਸਵੀਕਾਰ ਨਹੀਂ ਹੋਵੇਗਾ। ਕਿਸੀ ਪ੍ਰਕਾਰ ਦੀ ਇਨ੍ਹਾਂ ਪੁਰਸਕਾਰਾਂ ਬਾਰੇ ਕਾਨੂੰਨੀ ਕਾਰਵਾਈ ਸਿਰਫ਼ ਪੰਚਕੂਲਾ ਦੀ ਅਦਾਲਤ ਵਿੱਚ ਹੋ ਸਕਦੀ ਹੈ।**

(ਕ) ਉਸ ਲੇਖਕ ਨੂੰ ਜ਼ਿਆਦਾ ਪਹਿਲ ਦਿੱਤੀ ਜਾਵੇਗੀ ਜਿਸਨੇ ਅਲੱਗ-ਅਲੱਗ ਵਿਧਾਵਾਂ ਵਿੱਚ ਲਿਖਿਆ ਹੋਵੇ।

(ਖ) ਲੇਖਕ ਵੱਲੋਂ ਕੋਈ ਵੀ ਪੁਰਸਕਾਰ ਪ੍ਰਾਪਤ ਕਰਨ ਤੋਂ 3 ਸਾਲ ਬਾਅਦ ਅਗਲੇ ਪੁਰਸਕਾਰ ਲਈ ਵਿਚਾਰ ਕੀਤਾ ਜਾਵੇਗਾ। ਸਨਮਾਨਿਤ ਸਾਹਿੱਤਕਾਰ ਉਸ ਪੁਰਸਕਾਰ ਦੇ ਬਰਾਬਰ ਰਾਸ਼ੀ ਜਾਂ ਉਸ ਤੋਂ ਘੱਟ ਰਾਸ਼ੀ ਦੇ ਪੁਰਸਕਾਰ ਵਿੱਚ ਹਿੱਸਾ ਨਹੀਂ ਲੈ ਸਕੇਗਾ।

(ਗ) ਲੇਖਕ ਇਸ ਤਰ੍ਹਾਂ ਦਾ ਸਰਟੀਫਿਕੇਟ ਦੇਵੇ ਕਿ ਉਸਨੇ ਕਿਸੇ ਹੋਰ ਰਾਜ ਦਾ ਨਿਵਾਸੀ ਹੋਣ ਦਾ ਲਾਭ ਪ੍ਰਾਪਤ ਨਹੀਂ ਕੀਤਾ।

## 2. ਪੰਜਾਬੀ ਪੁਸਤਕ ਪੁਰਸਕਾਰ ਲਈ ਯੋਜਨਾ ਦੇ ਨਿਯਮ:-

ਅਕਾਦਮੀ ਦੁਆਰਾ ਪੁਸਤਕ ਪੁਰਸਕਾਰ ਯੋਜਨਾ ਦੇ ਹੇਠ ਲਿਖੇ ਵਰਗਾਂ ਲਈ:-

(1) ਕਵਿਤਾ
(2) ਕਹਾਣੀ
(3) ਨਾਵਲ
(4) ਨਾਟਕ
(5) ਬਾਲ ਸਾਹਿਤ
(6) ਹਾਸ-ਰਸ
(7) ਮਿੰਨੀ ਕਹਾਣੀ
(8) ਅਲੋਚਨਾ
(9) ਅਨੁਵਾਦ
(10) ਰਚਨਾਤਮਿਕ ਲੇਖ, ਜੀਵਨੀ, ਆਤਮਕਥਾ, ਡਾਇਰੀ/ਯਾਦਾਂ/ਸਫ਼ਰਨਾਮਾ ਆਦਿ (ਇਕ ਪੁਰਸਕਾਰ)

## ਪੁਸਤਕ ਪੁਰਸਕਾਰ ਲਈ ਯੋਜਨਾ ਦੇ ਨਿਯਮ:

1. ਪੁਸਤਕ ਦਾ ਮੌਲਿਕ ਹੋਣਾ ਜ਼ਰੂਰੀ ਹੈ। ਸੰਪਾਦਿਤ ਪੁਸਤਕ ਉੱਪਰ ਇਸ ਯੋਜਨਾ ਵਿੱਚ ਵਿਚਾਰ ਨਹੀਂ ਕੀਤਾ ਜਾਵੇਗਾ। ਬਿਨਾਂ ਛਪੀ ਪੁਸਤਕ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਪੁਸਤਕ ਵਿਚ ਕੋਈ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਅਸ਼ਲੀਲ ਸਮੱਗਰੀ ਨਹੀਂ ਹੋਣੀ ਚਾਹੀਦੀ।
2. ਸਾਲ 2022 ਲਈ 01-01-2022 ਤੋਂ 31 ਦਸੰਬਰ 2022 ਸਾਲ ਵਿੱਚ ਛਪੀ ਹੋਵੇ
3. ਲੇਖਕ ਹਰਿਆਣਾ ਨਿਵਾਸੀ ਦੀ ਪਰਿਭਾਸ਼ਾ ਦੇ ਅਨੁਸਾਰ ਹਰਿਆਣਾ ਰਾਜ ਵਿੱਚ ਰਹਿਣ ਵਾਲਾ ਹੋਵੇ ਤੇ ਇਸ ਤ੍ਰਾਂ ਦਾ ਸਰਟੀਫਿਕੇਟ ਦੇਵੇ ਕਿ ਉਸਨੇ ਕਿਸੇ ਹੋਰ ਰਾਜ ਦਾ ਨਿਵਾਸੀ ਹੋਣ ਦਾ ਲਾਭ ਪ੍ਰਾਪਤ ਨਹੀਂ ਕੀਤਾ।
4. ਕਿਸੇ ਇਕ ਪੁਸਤਕ ਤੇ ਪੁਰਸਕਾਰ ਰਾਸ਼ੀ 31000/- ਹੋਵੇਗੀ।
5. ਕਿਸੇ ਲੇਖਕ ਨੂੰ ਇਕ ਤੋਂ ਜ਼ਿਆਦਾ ਪੁਰਸਕਾਰ ਨਹੀਂ ਦਿੱਤਾ ਜਾਵੇਗਾ।
6. ਪੁਸਤਕ ਦੀਆਂ 5 ਕਾਪੀਆਂ ਆਵਦੇਨ ਪੱਤਰ ਦੇ ਨਾਲ ਅਤੇ ਤਾਜ਼ਾ ਪਾਸਪੋਰਟ ਸਾਇਜ਼ ਫੋਟੋ ਅਕਾਦਮੀ ਨੂੰ ਭੇਜੀਆਂ ਜਾਣ।
7. ਅਕਾਦਮੀ ਦੁਆਰਾ ਘੋਸ਼ਿਤ ਨਤੀਜਾ ਅੰਤਿਮ ਹੋਵੇਗਾ। ਅਕਾਦਮੀ ਵੱਲੋਂ ਐਲਾਨਿਆ ਨਤੀਜਾ ਬਿਨੈਕਾਰ ਨੂੰ ਕਬੂਲ ਹੋਵੇਗਾ ਅਤੇ ਉਸ ਬਾਰੇ ਕੋਈ ਕਿੰਤੂ- ਪ੍ਰੰਤੂ ਨਹੀਂ ਹੈ। ਕਿਸੀ ਪ੍ਰਕਾਰ ਦੀ ਕਾਨੂੰਨੀ ਕਾਰਵਾਈ ਸਿਰਫ਼ ਪੰਚਕੂਲਾ ਦੀ ਅਦਾਲਤ ਵਿੱਚ ਹੋ ਸਕਦੀ ਹੈ।
8. ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਛਪੀਆਂ ਪੁਸਤਕਾਂ ਇਨਾਮ ਲਈ ਨਹੀਂ ਵਿਚਾਰੀਆਂ ਜਾਣਗੀਆਂ।
9. ਲੇਖਕ ਵੱਲੋਂ ਪੁਸਤਕ ਪੁਰਸਕਾਰ ਪ੍ਰਾਪਤ ਕਰਨ ਤੋਂ 3 ਸਾਲ ਬਾਅਦ ਹੀ ਅਗਲੀ ਪੁਸਤਕ ’ਤੇ ਵਿਚਾਰ ਕੀਤਾ ਜਾਵੇਗਾ।
10. ਪੁਸਤਕ ਦਾ ਆਕਾਰ ਘੱਟੋ-ਘੱਟ 80 ਪੰਨਿਆਂ ਦਾ ਹੋਵੇ। ਬਾਲ-ਸਾਹਿਤ ਨਾਲ ਸੰਬੰਧਿਤ ਪੁਸਤਕ ਦਾ ਆਕਾਰ ਘੱਟੋ-ਘੱਟ 60 ਪੰਨਿਆਂ ਦਾ ਹੋਵੇ। ਪੁਸਤਕ ਉੱਪਰ ਆਈ.ਐਸ.ਬੀ.ਐਨ ਨੰਬਰ ਹੋਣਾ ਜ਼ਰੂਰੀ ਹੈ।

11. ਅਕਾਦਮੀ ਵੱਲੋਂ ਸਨਮਾਨਿਤ ਲੇਖਕਾਂ ਦੀਆਂ ਪੁਸਤਕਾਂ ਨੂੰ ਇਸ ਯੋਜਨਾ ਵਿਚ ਸ਼ਾਮਿਲ ਨਹੀਂ ਕੀਤਾ ਜਾ ਸਕੇਗਾ।

12. ਕੋਈ ਵੀ ਕਵੀ ਜਾਂ ਲੇਖਕ ਆਪਣੀ ਪੁਸਤਕ ਦੇ ਕਿਸੇ ਵੀ ਸਫ਼ੇ ਉੱਪਰ ਆਪਣੇ ਨਾਂ ਜਾਂ ਤਖ਼ਲੱਸ ਨੂੰ ਨਹੀਂ ਲਿਖੇਗਾ।

13. ਇਸ ਪੁਰਸਕਾਰ ਦੇ ਲਈ ਤਿੰਨ ਮੁਲਾਕਣ ਕਰਤਾਵਾਂ ਵਿਚੋਂ ਦੋ ਮੁਲਾਕਣ ਕਰਤਾਵਾਂ ਵੱਲੋਂ 50% ਪ੍ਰਤੀਸ਼ਤ ਤੋਂ ਜ਼ਿਆਦਾ ਅੰਕ ਹੋਣੇ ਜ਼ਰੂਰੀ ਹਨ ਨਹੀਂ ਤਾਂ ਪੁਸਤਕ ਪੁਰਸਕਾਰ ਲਈ ਨਹੀਂ ਵਿਚਾਰੀ ਜਾਵੇਗੀ।

## 3. ਪੰਜਾਬੀ ਪੁਸਤਕਾਂ ਦੇ ਪ੍ਰਕਾਸ਼ਨ ਲਈ ਸਹਾਇਤਾ ਦੇਣ ਦੀ ਯੋਜਨਾ

1. ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੁਆਰਾ ਹਰਿਆਣਾ ਨਿਵਾਸੀ ਲੇਖਕਾਂ ਦੀਆਂ ਪੰਜਾਬੀ ਵਿੱਚ ਲਿਖੀਆਂ ਮੌਲਿਕ ਅਤੇ ਅਪ੍ਰਕਾਸ਼ਿਤ ਪੁਸਤਕਾਂ ਦੇ ਛਪਵਾਉਣ ਦੇ ਲਈ (10,000/-ਰੁਪਏ) ਮਾਲੀ ਸਹਾਇਤਾ ਦਿੱਤੀ ਜਾਵੇਗੀ।

2. ਸਹਾਇਤਾ ਅਨੁਦਾਨ ਵਾਸਤੇ ਜਿਸ ਖਰੜੇ ਨੂੰ ਪ੍ਰਸਤੁਤ ਕੀਤਾ ਜਾਵੇ ਉਹ ਕਵਿਤਾ, ਕਹਾਣੀ, ਨਾਵਲ, ਨਾਟਕ, ਬਾਲ ਸਾਹਿਤ, ਹਾਸ ਵਿਅੰਗ, ਮਿੰਨੀ ਕਹਾਣੀ, ਆਲੋਚਨਾ, ਰਚਨਾਤਮਕ ਲੇਖ, ਜੀਵਨੀ, ਸਮੀਖਿਆ, ਡਾਇਰੀ, ਆਤਮ ਕਥਾ, ਸਫ਼ਰਨਾਮਾ, ਯਾਦਾਂ ਜਾਂ ਹਰਿਆਣਾ ਦੀ ਕਲਾ, ਸੰਸਕ੍ਰਿਤੀ, ਇਤਿਹਾਸ, ਸਾਹਿਤ ਅਤੇ ਸ਼ੋਧ ਪ੍ਰਬੰਧ ਆਦਿ ਵਿਸ਼ੇ 'ਤੇ ਹੋ ਸਕਦੀ ਹੈ।

3. ਕਿਸੇ ਇੱਕ ਲੇਖਕ ਦੇ ਇੱਕ ਖਰੜੇ 'ਤੇ ਅਨੁਦਾਨ ਮਨਜ਼ੂਰ ਕੀਤੇ ਜਾਣ ਤੋਂ 3 ਸਾਲ ਦੇ ਬਾਅਦ ਹੀ ਉਸਦੇ ਅਗਲੇ ਖਰੜੇ 'ਤੇ ਅਨੁਦਾਨ ਦੇਣ ਵਾਸਤੇ ਵਿਚਾਰ ਕੀਤਾ ਜਾਵੇਗਾ।

4. ਆਵੇਦਨ ਪੱਤਰ ਭੇਜਣ ਵਾਲੇ ਲੇਖਕ ਦੇ ਲਈ ਜ਼ਰੂਰੀ ਹੈ ਕਿ ਉਹ ਨਾਲ ਲੱਗੀ ਪਰਿਭਾਸ਼ਾ ਦੇ ਅਨੁਸਾਰ ਹਰਿਆਣਾ ਦਾ ਮੂਲ ਨਿਵਾਸੀ ਹੋਵੇ। ਉਸਨੇ ਹਰਿਆਣਾ ਤੋਂ ਇਲਾਵਾ ਕਿਸੀ ਹੋਰ ਰਾਜ ਵਿੱਚ ਮੂਲ ਨਿਵਾਸੀ ਹੋਣ ਜਾਂ ਜਨਮ ਹੋਣ ਦਾ ਕੋਈ ਲਾਭ ਪ੍ਰਾਪਤ ਨਹੀਂ ਕੀਤਾ, ਇਸਦਾ ਵੀ ਸਰਟੀਫਿਕੇਟ ਦੇਵੇ।

5. ਆਵੇਦਨ-ਪੱਤਰ ਭੇਜਣ ਵਾਲੇ ਲੇਖਕ ਆਪਣੇ ਖਰੜੇ ਦੀਆਂ ਚਾਰ ਕਾਪੀਆਂ ਆਵੇਦਨ-ਪੱਤਰ ਦੇ ਨਾਲ ਜ਼ਰੂਰ ਭੇਜਣ।

6. ਇਹ ਸਰਟੀਫਿਕੇਟ ਦਿੱਤਾ ਜਾਵੇ ਕਿ ਕਿਸੀ ਹੋਰ ਰਾਜ ਦਾ ਮੂਲ ਨਿਵਾਸੀ ਹੋਣ ਲਈ ਇਹ ਖਰੜਾ ਕਿਸੇ ਹੋਰ ਰਾਜ ਤੋਂ ਅਨੁਦਾਨ ਦੇ ਲਈ ਪੇਸ਼ ਨਹੀਂ ਕੀਤਾ ਗਿਆ।

7. ਇੱਕ ਵਾਰ ਅਕਾਦਮੀ ਦੁਆਰਾ ਨਾ-ਮਨਜ਼ੂਰ ਕੀਤਾ ਗਿਆ ਖਰੜਾ ਦੁਬਾਰਾ ਅਨੁਦਾਨ ਦੇ ਵਿਚਾਰ ਹਿੱਤ ਪੇਸ਼ ਨਹੀਂ ਕੀਤਾ ਜਾ ਸਕਦਾ।

8. ਖਰੜੇ ਦੇ ਕਿਸੇ ਹਿੱਸੇ ਵਿੱਚ ਲੇਖਕ ਦੁਆਰਾ ਆਪਣਾ ਨਾਂ ਜਾਂ ਕੋਈ ਇਸ਼ਾਰਾ ਨਹੀਂ ਲਿਖਿਆ ਜਾਵੇਗਾ। ਇਹ ਸ਼ਰਤ ਦਾ ਪਾਲਣ ਕਰਨਾ ਅਤਿ ਜ਼ਰੂਰੀ ਹੈ।
9. ਖਰੜੇ ਦਾ ਆਕਾਰ ਪੁਸਤਕ ਰੂਪ ਵਿੱਚ ਘੱਟੋ-ਘੱਟ 80 ਪੰਨਿਆਂ ਦਾ ਹੋਣਾ ਚਾਹੀਦਾ ਹੈ ਅਤੇ ਬਾਲ ਸਾਹਿਤ ਲਈ ਇਹ ਆਕਾਰ ਘੱਟੋ-ਘੱਟ 60 ਪੰਨਿਆਂ ਦਾ ਹੋਣਾ ਚਾਹੀਦਾ ਹੈ।
10. ਇਸ ਯੋਜਨਾ ਦੇ ਲਈ ਤਿੰਨ ਮੁਲਾਂਕਣ ਕਰਤਾਵਾਂ ਵਿਚੋਂ ਦੋ ਮੁਲਾਂਕਣ ਕਰਤਾਵਾਂ ਵੱਲੋਂ 50% ਪ੍ਰਤੀਸ਼ਤ ਤੋਂ ਜ਼ਿਆਦਾ ਅੰਕ ਹੋਣੇ ਜ਼ਰੂਰੀ ਹਨ।

## 4. ਹਰਿਆਣਾ ਪੰਜਾਬੀ ਕਹਾਣੀ ਮੁਕਾਬਲੇ ਦੀ ਯੋਜਨਾ:-

1. ਸਿਰਫ਼ ਹਰਿਆਣਾ ਦੇ ਮੂਲ-ਨਿਵਾਸੀ ਲੇਖਕ ਇਸ ਮੁਕਾਬਲੇ ਵਿਚ ਭਾਗ ਲੈ ਸਕਣਗੇ।
2. ਕਹਾਣੀ ਦੇ ਆਕਾਰ ਸਬੰਧੀ ਕੋਈ ਸ਼ਰਤ ਨਹੀਂ ਹੋਵੇਗੀ ਪਰ ਕਹਾਣੀ ਘੱਟੋ-ਘੱਟ ਫੁੱਲ ਸਕੇਪ ਕਾਗਜ਼ 'ਤੇ 5 ਪੇਜ ਤੋਂ ਲੈ ਕੇ 15 ਪੇਜ ਤੱਕ ਹੋ ਸਕਦੀ ਹੈ। ਅਨੁਵਾਦ ਕੀਤੀ ਕਹਾਣੀ ਮੁਕਾਬਲੇ ਲਈ ਸਵੀਕਾਰ ਨਹੀਂ ਕੀਤੀ ਜਾਵੇਗੀ। ਕਹਾਣੀ ਟਾਈਪ ਜਾਂ ਸਾਫ਼ ਖ਼ੁਸ਼ਖਤ ਲਿਖੀ ਹੋਵੇ।
3. ਰਚਨਾ ਦਾ ਮੌਲਿਕ, ਅਪ੍ਰਕਾਸ਼ਿਤ ਅਤੇ ਅਪ੍ਰਸਾਰਿਤ ਹੋਣਾ ਜ਼ਰੂਰੀ ਹੈ।
4. ਰਚਨਾ ਉੱਤੇ ਲੇਖਕ ਦਾ ਆਪਣਾ ਨਾਂ ਜਾਂ ਆਪਣੇ ਰਿਸ਼ਤੇ ਬਾਰੇ ਕੋਈ ਸੰਕੇਤ ਨਹੀਂ ਹੋਵੇਗਾ।
5. ਨਿਰਧਾਰਿਤ ਫਾਰਮ ਦੇ ਨਾਲ ਲੇਖਕ ਦੁਆਰਾ ਕਹਾਣੀ ਦੀਆਂ ਤਿੰਨ ਕਾਪੀਆਂ ਭੇਜੀਆਂ ਜਾਣ।
6. ਕੋਈ ਇਕ ਲੇਖਕ ਵੱਧ ਤੋਂ ਵੱਧ ਦੋ ਕਹਾਣੀਆਂ ਮੁਕਾਬਲੇ ਦੇ ਲਈ ਭੇਜ ਸਕਦਾ ਹੈ।
7. ਕੋਈ ਲੇਖਕ ਇਕ ਤੋਂ ਜ਼ਿਆਦਾ ਪੁਰਸਕਾਰ ਪ੍ਰਾਪਤ ਨਹੀਂ ਕਰ ਸਕਦਾ।
8. ਅਕਾਦਮੀ ਦਾ ਨਤੀਜਾ ਮੁਕਾਬਲੇ ਵਿਚ ਹਿੱਸਾ ਲੈਣ ਵਾਲੇ ਲੇਖਕਾਂ ਨੂੰ ਮੰਨਣਾ ਹੋਵੇਗਾ।
9. ਪਹਿਲੇ, ਦੂਜੇ ਅਤੇ ਤੀਜੇ ਨੰਬਰ ਤੇ ਆਉਣ ਵਾਲੀਆਂ ਕਹਾਣੀਆਂ ਨੂੰ ਅਕਾਦਮੀ ਦੇ ਨਿਯਮ ਅਨੁਸਾਰ 5000/-ਰੁਪਏ, 4000/-ਰੁਪਏ, 3000/-ਰੁਪਏ ਇਨਾਮ ਅਤੇ ਪ੍ਰਮਾਣ ਪੱਤਰ ਦਿੱਤਾ ਜਾਵੇਗਾ।
10. ਇਨਾਮੀ ਕਹਾਣੀ ਇਨਾਮ ਘੋਸ਼ਿਤ ਹੋਣ ਦੀ ਤਰੀਕ ਤੱਕ ਹੋਰ ਕਿਧਰੇ ਪੁਸਤਕ/ਰਸਾਲੇ ਜਾਂ ਅਖ਼ਬਾਰ ਵਿਚ ਨਾ ਛਾਪੀ ਜਾਵੇ।
11. ਲੇਖਕ ਵੱਲੋਂ ਕਹਾਣੀ ਪੁਰਸਕਾਰ ਪ੍ਰਾਪਤ ਕਰਨ ਤੋਂ 2 ਸਾਲ ਬਾਅਦ ਹੀ ਉਸਦੀ ਅਗਲੀ ਕਹਾਣੀ ਮੁਕਾਬਲੇ ਲਈ ਵਿਚਾਰੀ ਜਾਵੇਗੀ।
12. ਇਸ ਕਹਾਣੀ ਮੁਕਾਬਲੇ ਲਈ ਦੇ ਮੁਲਾਂਕਣ ਕਰਤਾਵਾਂ ਵਿਚੋਂ ਇਕ ਦੇ ਅੰਕ 50% ਪ੍ਰਤੀਸ਼ਤ ਤੋਂ ਜ਼ਿਆਦਾ ਹੋਣੇ ਜ਼ਰੂਰੀ ਹਨ।

ਤਾਜ਼ਾ
ਰੰਗੀਨ ਫੋਟੋ

# ਹਰਿਆਣਾ ਪੰਜਾਬੀ ਸਾਹਿਤ ਅਕਾਦਮੀ

ਆਈ. ਪੀ. 16, ਸੈਕਟਰ-14, ਪੰਚਕੂਲਾ-134113 (ਹਰਿਆਣਾ)

## ਸਨਮਾਨ ਪੁਰਸਕਾਰ ਦਾ ਨਾਮ ..............................................................

ਸਾਲ.................. ਲਈ ਬਿਨੈ-ਪੱਤਰ

1. ਸਾਹਿਤਕਾਰ/ ਪੱਤਰਕਾਰ/ਗਾਇਕ ਦਾ ਨਾਂ
2. ਪਿਤਾ/ਪਤੀ ਦਾ ਨਾਂ
3. ਜਨਮ ਮਿਤੀ ਅਤੇ ਵਰਤਮਾਨ ਉਮਰ
4. ਜਨਮ ਸਥਾਨ
5. ਵਰਤਮਾਨ ਪਤਾ
6. ਪੱਕਾ ਪਤਾ
7. ਕਿਸ ਆਧਾਰ ’ਤੇ ਹਰਿਆਣਾ ਪ੍ਰਾਂਤ ਦਾ ਨਿਵਾਸੀ ਹੈ (ਕ੍ਰਿਪਾ ਕਰਕੇ ਹਰਿਆਣਾ ਵਿੱਚ ਰਹਿਣ ਦਾ ਸਮਾਂ ਦੱਸੋ) ਪ੍ਰਮਾਣ ਸਹਿਤ ਭੇਜੋ।

8. ਵਿੱਦਿਅਕ ਯੋਗਤਾ (1)
   (2)
   (3)
9. ਕਿੱਤਾ (ਜੇ ਨੌਕਰੀ ਵਿੱਚ ਹੋ ਤਾਂ ਹੇਠ ਦਿੱਤੀ ਸੂਚਨਾ ਦਿਓ)

| ਕ੍ਰ: ਨੰ: | ਵਿਭਾਗ ਦਾ ਨਾਂ | ਪਦ | ਨੌਕਰੀ ਵਿੱਚ ਲੱਗਣ ਦੀ ਮਿਤੀ | ਨੌਕਰੀ ਛੱਡਣ ਦੀ ਮਿਤੀ |
|---|---|---|---|---|
| (1) | | | | |
| (2) | | | | |

10. ਛਪੀਆਂ ਪੁਸਤਕਾਂ ਦਾ ਵੇਰਵਾ

| ਕ੍ਰ: ਨੰ: | ਪੁਸਤਕ ਦਾ ਨਾਂ | ਵਰਗ | ਭਾਸ਼ਾ | ਪ੍ਰਕਾਸ਼ਕ ਦਾ ਨਾਂ | ਪ੍ਰਕਾਸ਼ਨ ਸਾਲ | ਪੰਨੇ | ਮੁੱਲ |
|---|---|---|---|---|---|---|---|
| 1. | | | | | | | |
| 2. | | | | | | | |
| 3. | | | | | | | |
| 4. | | | | | | | |
| 5. | | | | | | | |
| 6. | | | | | | | |
| 7. | | | | | | | |
| 8. | | | | | | | |
| 9. | | | | | | | |
| 10. | | | | | | | |

| 11. | ਪੁਰਸਕਾਰ ਜੋ ਪਹਿਲਾਂ ਪ੍ਰਾਪਤ ਕੀਤਾ | ਪੁਰਸਕਾਰ ਦੀ ਰਾਸ਼ੀ | ਸੰਸਥਾ ਦਾ ਨਾਂ | ਸਾਲ |
|---|---|---|---|---|

| 12. | ਜੇ ਕਿਸੇ ਸਾਹਿਤਕ ਸੰਸਥਾ ਨਾਲ ਜੁੜੇ ਰਹੇ ਹੋ ਤਾਂ ਉਸ ਦਾ ਵੇਰਵਾ | ਪਦ | ਸੰਸਥਾ ਦਾ ਨਾਂ | ਸਮਾਂ |
|---|---|---|---|---|

13. ਵਿਦੇਸ਼ ਯਾਤਰਾ (ਜੇ ਕੋਈ ਹੋਵੇ)

14. ਫੁਟਕਲ ਸੂਚਨਾ

15. ਜੇ ਕਿਸੇ ਵਿਦਵਾਨ ਦੇ ਨਾਂ ਦਾ ਪ੍ਰਸਤਾਵ ਕੋਈ ਹੋਰ ਵਿਦਵਾਨ ਜਾਂ ਸੰਸਥਾ ਕਰ ਰਹੀ ਹੋਵੇ ਤਾਂ ਉਸਦਾ ਪੂਰਾ ਵੇਰਵਾ ਦਿਓ।
16. ਅਕਾਦਮੀ ਵੱਲੋਂ ਐਲਾਨਿਆ ਨਤੀਜਾ ਮੈਨੂੰ ਕਬੂਲ ਹੋਵੇਗਾ ਅਤੇ ਉਸ ਬਾਰੇ ਕੋਈ ਕਿੰਤੂ ਪਰੰਤੂ ਸਵੀਕਾਰ ਨਹੀਂ ਹੈ। ਕਿਸੇ ਪ੍ਰਕਾਰ ਦੀ ਕਾਨੂੰਨੀ ਕਾਰਵਾਈ ਸਿਰਫ ਪੰਚਕੂਲਾ ਦੀ ਅਦਾਲਤ ਵਿਚ ਹੋ ਸਕਦੀ ਹੈ।

ਨੋਟ:

(1) ਹੋਰ ਵੇਰਵੇ ਲਈ ਵੱਖਰਾ ਕਾਗਜ਼ ਜੋੜਿਆ ਜਾਵੇ।
(2) ਪੂਰਾ ਵੇਰਵਾ ਪ੍ਰਮਾਣ ਸਹਿਤ ਭੇਜਿਆ ਜਾਵੇ।

ਦਸਤਖ਼ਤ

ਪੂਰਾ ਪਤਾ

ਮਿਤੀ.........................

.............................................
.............................................
.............................................
ਮੋਬਾਇਲ

# ਹਰਿਆਣਾ ਪੰਜਾਬੀ ਸਾਹਿਤ ਅਕਾਦਮੀ

ਆਈ. ਪੀ. 16, ਸੈਕਟਰ–14, ਪੰਚਕੂਲਾ–134113 (ਹਰਿਆਣਾ)

ਤਾਜ਼ਾ
ਰੰਗੀਨ ਫੋਟੋ

## ਪੰਜਾਬੀ ਪੁਸਤਕ ਪੁਰਸਕਾਰ

**ਵਰਗ..........................**

**ਸਾਲ.............. ਲਈ ਬਿਨੈ ਪੱਤਰ**

1. ਲੇਖਕ/ਲੇਖਿਕਾ ਦਾ ਨਾਂ
2. ਪਿਤਾ/ਪਤੀ ਦਾ ਨਾਂ
3. ਵਰਤਮਾਨ ਪਤਾ
4. ਸਥਾਈ ਪਤਾ
5. ਜਨਮ ਸਥਾਨ
6. ਜਨਮ ਦੀ ਤਾਰੀਖ
7. ਵਿੱਦਿਅਕ ਯੋਗਤਾ
8. ਕੰਮ–ਕਾਜ (ਜੇਕਰ ਨੌਕਰੀ ਵਿੱਚ ਹੋਵੇ ਤਾਂ ਉਸ ਦਾ ਵੇਰਵਾ)
9. ਪੇਸ਼ ਕੀਤੀ ਪੁਸਤਕ ਦਾ ਵੇਰਵਾ

(ੳ) ਨਾਂ

(ਅ) ਭਾਸ਼ਾ

(ੲ) ਵਰਗ

(1) ਕਵਿਤਾ

(2) ਕਹਾਣੀ

(3) ਨਾਵਲ

(4) ਨਾਟਕ

(5) ਬਾਲ ਸਾਹਿਤ

(6) ਹਾਸ–ਰਸ

(7) ਮਿੰਨੀ ਕਹਾਣੀ

(8) ਆਲੋਚਨਾ

(9) ਅਨੁਵਾਦ

(10) ਰਚਨਾਤਮਕ ਲੇਖ/ਜੀਵਨੀ/ ਆਤਮ ਕਥਾ/ ਡਾਇਰੀ/ਯਾਦਾਂ/ਸਫ਼ਰਨਾਮਾ/ ਆਦਿ (ਇੱਕ ਪੁਰਸਕਾਰ)

(ਸ) ਪੁਸਤਕ ਪ੍ਰਕਾਸ਼ਨ ਦਾ ਸਾਲ.....

(ਹ) ਕੀ ਪੁਸਤਕ ਤੇ ISBN ਨੰ. ਦਰਜ ਹੈ ....

10. ਲੇਖਕ ਦੀਆਂ ਹੋਰ ਪੁਸਤਕਾਂ ਦਾ ਵੇਰਵਾ

| ਪੁਸਤਕ ਦਾ ਨਾਂ | ਭਾਸ਼ਾ | ਵਿਸ਼ਾ | ਕੁੱਲ ਪੰਨੇ | ਕੀਮਤ | ਪ੍ਰਕਾਸ਼ਨ ਦਾ ਸਾਲ | ਪ੍ਰਕਾਸ਼ਕ ਦਾ ਨਾਂ |
|---|---|---|---|---|---|---|
| 1 | 2 | 3 | 4 | 5 | 6 | 7 |

11. ਲੇਖਕ ਦੀਆਂ ਅਕਾਦਮੀ ਤੋਂ ਪੁਰਸਕਾਰ ਪ੍ਰਾਪਤ ਪੁਸਤਕਾਂ ਦਾ ਵੇਰਵਾ:

| ਸੰਖਿਆ | ਪੁਸਤਕ ਦਾ ਨਾਂ | ਵਿਸ਼ਾ | ਭਾਸ਼ਾ | ਸਾਲ | ਪੁਰਸਕਾਰ ਦੀ ਰਾਸ਼ੀ |
|---|---|---|---|---|---|

ਇਹ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ:

(1) ਮੇਰੇ ਦੁਆਰਾ ਰਚਿਤ ਪੁਸਤਕ...............................

ਦੀਆਂ ੫ ਕਾਪੀਆਂ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਸਾਲ.............. ਦੀ ਪੁਸਤਕ ਪੁਰਸਕਾਰ ਦੇ ਲਈ ਮੇਰੇ ਵੱਲੋਂ ਪੇਸ਼ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਕਾਪੀਆਂ ਦੀ ਵਾਪਸੀ ਦੇ ਲਈ ਮੰਗ ਨਹੀਂ ਕੀਤੀ ਜਾਵੇਗੀ।

(2) ਇਹ ਪੁਸਤਕ ਮੇਰੀ ਮੌਲਿਕ ਰਚਨਾ ਹੈ।

(3) ਇਹ ਕਿਸੇ ਇਮਤਿਹਾਨ/ਡਿਗਰੀ ਦੇ ਲਈ ਨਹੀਂ ਲਿਖੀ ਗਈ ਅਤੇ ਨਾ ਹੀ ਕਿਸੇ ਸਿਲੇਬਸ ਲਈ ਰੱਖੀ ਗਈ ਹੈ ਅਤੇ ਨਾ ਹੀ ਇਹ ਸੋਧ-ਪ੍ਰਬੰਧ ਹੈ।

(4) ਇਹ ਕਿਸੇ ਹੋਰ ਪ੍ਰਾਂਤ ਵਿੱਚ ਉਸ ਪ੍ਰਾਂਤ ਦਾ ਨਿਵਾਸੀ ਹੋਣ ਦੇ ਆਧਾਰ ਤੇ ਮੇਰੇ ਵੱਲੋਂ ਪੁਰਸਕਾਰ ਵਾਸਤੇ ਪੇਸ਼ ਨਹੀਂ ਕੀਤੀ ਗਈ।

(5) ਅਕਾਦਮੀ ਵੱਲੋਂ ਐਲਾਨਿਆ ਨਤੀਜਾ ਮੈਨੂੰ ਕਬੂਲ ਹੋਵੇਗਾ ਅਤੇ ਉਸ ਬਾਰੇ ਕੋਈ ਕਿੰਤੂ ਪਰੰਤੂ ਸਵੀਕਾਰ ਨਹੀਂ ਹੈ। ਕਿਸੇ ਪ੍ਰਕਾਰ ਦੀ ਕਾਨੂੰਨੀ ਕਾਰਵਾਈ ਸਿਰਫ ਪੰਚਕੂਲਾ ਦੀ ਅਦਾਲਤ ਵਿਚ ਹੋ ਸਕਦੀ ਹੈ।

(6) ਮੈਂ ਨਿਰਧਾਰਿਤ ਪਰਿਭਾਸ਼ਾ ਦੇ ਮੁਤਾਬਿਕ ਹੇਠਾਂ ਲਿਖੇ ਅਨੁਸਾਰ ਹਰਿਆਣਾ ਦਾ ਨਿਵਾਸੀ ਹਾਂ

......................................................................

(7) ਮੈਂ ਕਿਸੇ ਹੋਰ ਪ੍ਰਾਂਤ ਦਾ ਨਿਵਾਸੀ ਹੋਣ ਜਾਂ ਜਨਮ ਹੋਣ ਦੇ ਆਧਾਰ ਉਤੇ ਕੋਈ ਲਾਭ ਪ੍ਰਾਪਤ ਨਹੀਂ ਕੀਤਾ।

ਮਿਤੀ

ਭੇਜਣ ਵਾਲੇ ਦੇ ਦਸਤਖਤ ਅਤੇ ਪੂਰਾ ਪਤਾ

.................................................................

.................................................................

.................................................................

ਮੋਬਾਇਲ :

ਤਾਜ਼ਾ
ਰੰਗੀਨ ਫੋਟੋ

# ਹਰਿਆਣਾ ਪੰਜਾਬੀ ਸਾਹਿਤ ਅਕਾਦਮੀ

ਆਈ. ਪੀ. 16, ਸੈਕਟਰ-14, ਪੰਚਕੂਲਾ-134113 (ਹਰਿਆਣਾ)

## ਪੁਸਤਕ ਪ੍ਰਕਾਸ਼ਨ ਸਹਾਇਤਾ ਅਨੁਦਾਨ

**ਸਾਲ.............. ਲਈ ਬਿਨੈ ਪੱਤਰ**

1. ਲੇਖਕ ਦਾ ਨਾਂ
2. ਪਿਤਾ/ਪਤੀ ਦਾ ਨਾਂ
3. ਵਰਤਮਾਨ ਪਤਾ
4. ਸਥਾਈ ਪਤਾ
5. ਜਨਮ ਸਥਾਨ ਅਤੇ ਤਾਰੀਖ਼
6. ਪੇਸ਼ ਕੀਤੀ ਪੁਸਤਕ ਦਾ ਵੇਰਵਾ

   ਪੁਸਤਕ ਦਾ ਨਾਂ

   ਭਾਸ਼ਾ

   ਵਰਗ

   ਆਕਾਰ

   ਅਨੁਮਾਨਿਤ ਸਫ਼ੇ
7. ਅਕਾਦਮੀ ਦੁਆਰਾ ਜੇ ਲੇਖਕ ਨੂੰ ਕਿਸੇ ਹੋਰ ਪੁਸਤਕ ਵਾਸਤੇ ਸਹਾਇਤਾ ਅਨੁਦਾਨ ਮਨਜ਼ੂਰ ਕੀਤਾ ਗਿਆ ਹੈ ਤਾਂ ਉਸਦਾ ਵੇਰਵਾ:

| ਪੁਸਤਕ ਦਾ ਨਾਂ | ਸਾਲ ਜਦੋਂ ਪੁਸਤਕ ਅਨੁਦਾਨ ਦੇ ਲਈ ਪੇਸ਼ ਕੀਤੀ ਗਈ | ਸਾਲ ਅਨੁਦਾਨ ਮਨਜ਼ੂਰ ਕੀਤਾ ਗਿਆ | ਪੁਸਤਕ ਦੇ ਪ੍ਰਕਾਸ਼ਨ ਅਤੇ ਅਨੁਦਾਨ ਰਕਮ ਦੇ ਭੁਗਤਾਨ ਦਾ ਸਾਲ |
|---|---|---|---|
| (ੳ) | | | |
| (ਅ) | | | |
| (ੲ) | | | |

ਇਹ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ:

(1) ਮੇਰੇ ਦੁਆਰਾ ਰਚਿਤ ਪੁਸਤਕ ਦੇ ਖਰੜੇ......................... ਦੀਆਂ 4 ਕਾਪੀਆਂ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਸਾਲ ......... ਦੀ ਪੁਸਤਕ ਪ੍ਰਕਾਸ਼ਨ ਸਹਾਇਤਾ ਅਨੁਦਾਨ ਦੇ ਲਈ ਮੇਰੇ ਵੱਲੋਂ ਪੇਸ਼ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਖਰੜੇ ਦੇ ਕਾਪੀਆਂ ਦੀ ਵਾਪਸੀ ਦੇ ਲਈ ਮੰਗ ਨਹੀਂ ਕੀਤੀ ਜਾਵੇਗੀ।

(2) ਇਹ ਪੁਸਤਕ ਦੇ ਖਰੜੇ ਮੇਰੀ ਮੌਲਿਕ ਰਚਨਾ ਹਨ।

(3) ਖਰੜੇ ਵਿੱਚ ਕੋਈ ਵੀ ਰਚਨਾ ਪਹਿਲਾਂ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਨਹੀਂ ਹੋਈ ਹੈ।

(4) ਇਹ ਪੁਸਤਕ ਜਾਂ ਇਸ ਵਿੱਚ ਸ਼ਾਮਿਲ ਕੋਈ ਰਚਨਾ ਕਿਸੇ ਹੋਰ ਭਾਸ਼ਾ ਵਿੱਚ ਪ੍ਰਕਾਸ਼ਿਤ ਨਹੀਂ ਹੈ।

(5) ਇਹ ਕਿਸੇ ਹੋਰ ਪ੍ਰਾਂਤ ਵਿੱਚ ਉਸ ਪ੍ਰਾਂਤ ਦਾ ਨਿਵਾਸੀ ਹੋਣ ਤੇ ਆਧਾਰ ਤੇ ਮੇਰੇ ਵੱਲੋਂ ਪੁਰਸਕਾਰ ਵਾਸਤੇ ਪੇਸ਼ ਨਹੀਂ ਕੀਤੀ ਗਈ।

(6) ਮੈਂ ਨਿਰਧਾਰਤ ਪਰਿਭਾਸ਼ਾ ਦੇ ਮੁਤਾਬਕ ਹੇਠਾਂ ਲਿਖੇ ਅਨੁਸਾਰ ਹਰਿਆਣਾ ਦਾ ਨਿਵਾਸੀ ਹਾਂ-

..................................................................................................................

(7) ਮੈਂ ਕਿਸੇ ਹੋਰ ਪ੍ਰਾਂਤ ਦਾ ਨਿਵਾਸੀ ਹੋਣ ਜਾਂ ਜਨਮ ਹੋਣ ਦੇ ਆਧਾਰ ਉੱਤੇ ਕੋਈ ਲਾਭ ਪ੍ਰਾਪਤ ਨਹੀਂ ਕੀਤਾ।

(8) ਇਸ ਖਰੜੇ ਅਤੇ ਇਸਦੇ ਕਿਸੇ ਭਾਗ ਦੇ ਲਈ ਕਿਸੇ ਅਕਾਦਮੀ ਵੱਲੋਂ ਕੋਈ ਸਹਾਇਤਾ ਮਨਜ਼ੂਰ ਨਹੀਂ ਕੀਤੀ ਗਈ।

(9) ਖਰੜੇ ਦੇ ਕਿਸੇ ਭਾਗ ਵਿੱਚ ਮੈਂ ਆਪਣਾ ਜਾਂ ਆਪਣੇ ਸੰਬੰਧ ਦਾ ਕੋਈ ਸੰਕੇਤ ਨਹੀਂ ਦਿੱਤਾ।

(10) ਅਕਾਦਮੀ ਵੱਲੋਂ ਐਲਾਨਿਆ ਨਤੀਜਾ ਮੈਨੂੰ ਕਬੂਲ ਹੋਵੇਗਾ ਅਤੇ ਉਸ ਬਾਰੇ ਕੋਈ ਕਿੰਤੂ ਪ੍ਰੰਤੂ ਸਵੀਕਾਰ ਨਹੀਂ ਹੈ। ਕਿਸੇ ਪ੍ਰਕਾਰ ਦੀ ਕਾਨੂੰਨੀ ਕਾਰਵਾਈ ਸਿਰਫ ਪੰਚਕੂਲਾ ਦੀ ਅਦਾਲਤ ਵਿੱਚ ਹੀ ਹੋ ਸਕਦੀ ਹੈ।

ਮਿਤੀ

ਭੇਜਣ ਵਾਲੇ ਦੇ ਦਸਤਖਤ ਅਤੇ ਪੂਰਾ ਪਤਾ

...............................................................

...............................................................

...............................................................

ਮੋਬਾਇਲ :

ਤਾਜ਼ਾ
ਰੰਗੀਨ ਫੋਟੋ

# ਹਰਿਆਣਾ ਪੰਜਾਬੀ ਸਾਹਿਤ ਅਕਾਦਮੀ

ਆਈ. ਪੀ. 16, ਸੈਕਟਰ-14, ਪੰਚਕੂਲਾ-134113 (ਹਰਿਆਣਾ)

## ਪੰਜਾਬੀ ਕਹਾਣੀ ਮੁਕਾਬਲਾ

**ਸਾਲ.............. ਲਈ ਬਿਨੈ ਪੱਤਰ**

1. ਕਹਾਣੀਕਾਰ ਦਾ ਨਾਂ
2. ਪਿਤਾ/ਪਤੀ ਦਾ ਨਾਂ
3. ਵਰਤਮਾਨ ਪਤਾ
4. ਸਥਾਈ ਪਤਾ
5. ਜਨਮ ਸਥਾਨ
6. ਜਨਮ ਦੀ ਤਾਰੀਖ
7. ਵਿੱਦਿਅਕ ਯੋਗਤਾ
8. ਕੰਮ-ਕਾਜ (ਜੇਕਰ ਨੌਕਰੀ ਵਿੱਚ ਹੋਵੇ ਤਾਂ ਉਸ ਦਾ ਵੇਰਵਾ)
9. ਮੁਕਾਬਲੇ ਵਿੱਚ ਪੇਸ਼ ਕੀਤੀ ਕਹਾਣੀ ਦਾ ਵੇਰਵਾ

ਇਹ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ:

(1) ਅਕਾਦਮੀ ਵੱਲੋਂ ਐਲਾਨਿਆ ਨਤੀਜਾ ਮੈਨੂੰ ਕਬੂਲ ਹੋਵੇਗਾ ਅਤੇ ਉਸ ਬਾਰੇ ਕੋਈ ਕਿੰਤੂ ਪਰੰਤੂ ਸਵੀਕਾਰ ਨਹੀਂ ਹੈ। ਕਿਸੇ ਪ੍ਰਕਾਰ ਦੀ ਕਾਨੂੰਨੀ ਕਾਰਵਾਈ ਸਿਰਫ ਪੰਚਕੂਲਾ ਦੀ ਅਦਾਲਤ ਵਿਚ ਹੋ ਸਕਦੀ ਹੈ।

(2) ਮੈਂ ਨਿਰਧਾਰਿਤ ਪਰਿਭਾਸ਼ਾ ਦੇ ਮੁਤਾਬਿਕ ਹੇਠਾਂ ਲਿਖੇ ਅਨੁਸਾਰ ਹਰਿਆਣਾ ਦਾ ਨਿਵਾਸੀ ਹਾਂ
.....................................................................

(3) ਮੈਂ ਕਿਸੇ ਹੋਰ ਪ੍ਰਾਂਤ ਦਾ ਨਿਵਾਸੀ ਹੋਣ ਜਾਂ ਜਨਮ ਹੋਣ ਦੇ ਆਧਾਰ ਉਤੇ ਕੋਈ ਲਾਭ ਪ੍ਰਾਪਤ ਨਹੀਂ ਕੀਤਾ।

ਮਿਤੀ

ਭੇਜਣ ਵਾਲੇ ਦੇ ਦਸਤਖਤ ਅਤੇ ਪੂਰਾ ਪਤਾ
................................................................
................................................................
................................................................
ਮੋਬਾਇਲ




ਪੰਜਾਬੀ ਲੋਕ ਸਾਹਿਤ ਸਭਾ, ਰਾਣੀਆਂ
ਵੱਲੋਂ
ਪੰਜਾਬੀ ਦਰਬਾਰ
ਹਰਿਆਣਾ ਪੰਜਾਬੀ ਸਾਹਿਤ
ਮੁੱਖ ਮਹਿਮਾਨ :



